**ਪੰਜਾਬ ਸਟੇਟ ਲਾਈਵਲੀਹੁੱਡਜ ਮਿਸਨ**
**ਮਿਊਂਸਪਲ ਭਵਨ, ਪਲਾਟ ਨੰ:3, ਸੈਕਟਰ 35-ਏ ਚੰਡੀਗੜ੍ਹ।**

ਫੋਨ ਨੰ: 0172- 2660053, 2660054 email.id:- punjabsulm@gmail.com
ਮੀਮੋ ਨੰ: ਪਸੂਲਮ/2(3)/2017/12302 ਮਿਤੀ :- 21-09-2018

ਨਵੀਂ ਡਾਕ/ਮਿਤੀ 27/9/18

ਸੇਵਾ ਵਿੱਖੇ,

ਮੁੱਖ ਕਾਰਜਕਾਰੀ ਅਫਸਰ,
ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਸੈਕਟਰ-27, ਚੰਡੀਗੜ੍ਹ।

ਵਿਸ਼ਾ :- ਸੀਵਰੇਜ਼ ਪਾਉਣ ਨਾਲ ਨਗਰ ਕੌਂਸਲ ਦੇ ਨਾਇਟ ਸ਼ੈਲਟਰ ਦੀ ਬਿਲਡਿੰਗ ਵਿੱਚ ਆਇਆ ਦਰਰਾਂ ਅਤੇ ਡੰਪਿੰਗ ਗਰਾਉਂਡ ਸਰਹਿੰਦ ਸ਼ਹਿਰ ਦੇ ਗੇਟ /ਦੀ ਰਿਪੇਅਰ ਕਰਵਾਉਣ ਸਬੰਧੀ।

*********

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2 ਨਗਰ ਕੌਂਸਲ, ਸਰਹਿੰਦ ਫਤਿਹਗੜ੍ਹ ਸਾਹਿਬ ਵੱਲੋਂ ਉਨ੍ਹਾਂ ਦੇ ਪੱਤਰ ਮਿਤੀ 11.09.2018 (ਕਾਪੀ ਨੱਥੀ ਹੈ) ਰਾਹੀਂ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਉੱਥੇ ਉਸਾਰੇ ਗਏ ਨਵੇਂ ਸ਼ੈਲਟਰ ਫਾਰ ਅਰਬਨ ਹੋਮਲੈਸ ਦੇ ਅਗਲੇ ਹਿੱਸੇ ਦੀ ਬਿਲਡਿੰਗ ਦਾ ਬਹੁਤ ਜ਼ਿਆਦਾ ਨੁਕਸਾਨ ਹੋ ਗਿਆ ਹੈ। ਇਹ ਨੁਕਸਾਨ ਬੋਰਡ ਵੱਲੋਂ ਨਵੀਂ ਸੀਵਰਲਾਈਨ ਪਾਉਣ ਕਾਰਨ ਹੋਇਆ ਹੈ। ਇਹ ਦੱਸਿਆ ਜਾਂਦਾ ਹੈ ਕਿ ਨਾਈਟ ਸ਼ੈਲਟਰ ਸਬੰਧੀ ਕੋਰਟ ਕੇਸ ਮਾਨਯੋਗ ਸੁਪਰੀਮ ਕੋਰਟ ਵਿਖੇ ਚੱਲ ਰਿਹਾ ਹੈ ਅਤੇ ਇਹ ਬਿਲਡਿੰਗ ਭਾਰਤ ਸਰਕਾਰ ਦੀ ਡੇ-ਨੂਲਮ ਸਕੀਮ ਤਹਿਤ ਜਾਰੀ ਕੀਤੇ ਫੰਡਾਂ ਨਾਲ ਤਿਆਰ ਕੀਤਾ ਗਿਆ ਹੈ। ਇਨ੍ਹਾਂ ਬਿਲਡਿੰਗਾਂ ਨੂੰ ਚੈੱਕ ਕਰਨ ਲਈ ਭਾਰਤ ਸਰਕਾਰ ਵੱਲੋਂ ਸਟੇਟ ਮੋਨੀਟਰਿੰਗ ਕਮੇਟੀ ਦਾ ਗਠਨ ਕੀਤਾ ਗਿਆ ਹੈ ਜਿਹੜੀ ਕਿ ਕਿਸੇ ਸਮੇਂ ਵੀ ਇਨ੍ਹਾਂ ਸ਼ੈਲਟਰਾਂ ਦਾ ਮੁਆਇਨਾ ਕਰ ਸਕਦੀ ਹੈ ਅਤੇ ਉਸ ਦੀ ਰਿਪੋਰਟ ਮਾਨਯੋਗ ਸੁਪਰੀਮ ਕੋਰਟ ਨੂੰ ਦਿੰਦੀ ਹੈ। ਆਪ ਨੂੰ ਲਿਖਿਆ ਜਾਂਦਾ ਹੈ ਕਿ ਬਿਲਡਿੰਗ ਦੀ ਰਿਪੇਅਰ ਕਰਨ ਲਈ ਲੋੜੀਂਦੀਆਂ ਹਦਾਇਤਾਂ ਤੁਰੰਤ ਜਾਰੀ ਕੀਤੀ ਜਾਣ ਤਾਂ ਜੋ ਸ਼ੈਲਟਰ ਵਿੱਚ ਰਹਿ ਰਹੇ ਕਿਸੇ ਵਿਅਕਤੀ ਦਾ ਜਾਨੀ ਤੇ ਮਾਲੀ ਨੁਕਸਾਨ ਨਾ ਹੋਵੇ।

ਡਾਇਰੈਕਟਰ

ਪਿੰ.ਅੰ.ਨੰ ਪਸੂਲਮ/2018/12303 ਮਿਤੀ :- 21-09-2018

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ:-

1 ਉਪ ਮੰਡਲ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਤੇ ਸੀਵਰੇਜ, ਮੰਡਲ ਨੰ: ਫਤਿਹਗੜ੍ਹ ਸਾਹਿਬ ਨੂੰ ਤੁਰੰਤ ਕਾਰਵਾਈ ਹਿੱਤ।
2 ਕਾਰਜ ਸਾਧਕ ਅਫਸਰ, ਨਗਰ ਕੌਂਸਲ, ਫਤਿਹਗੜ੍ਹ ਸਾਹਿਬ ਨੂੰ ਉਨ੍ਹਾਂ ਦੇ ਪੱਤਰ ਨੰ . 3906 ਮਿਤੀ 11.09.2018 ਦੇ ਹਵਾਲੇ ਵਿੱਚ ਭੇਜ ਕੇ ਲਿਖਿਆ ਜਾਂਦਾ ਹੈ ਕਿ ਸੀਵਰੇਜ ਬੋਰਡ ਨਾਲ ਤਾਲਮੇਲ ਕਰਕੇ ਬਿਲਡਿੰਗ ਤੁਰੰਤ ਰਿਪੇਅਰ ਕਰਵਾਈ ਜਾਵੇ।

ਡਾਇਰੈਕਟਰ

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ**
**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ ।**

ਪਿੱਠ ਅੰਕਣ ਨੰ: ਪਵਸਸਬ-2018/ਵ-3/ 18128 ਮਿਤੀ: 8/X/18

ਉਪਰੋਕਤ ਦੀ ਨਕਲ ਸਮੇਤ ਸਹਿੱਲਗ ਮੁੱਖ ਇੰਜੀਨੀਅਰ (ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜਦੇ ਹੋਏ ਲਿਖਆ ਜਾਂਦਾ ਹੈ ਕਿ ਵਿਸੇ ਅੰਕਿਤ ਮਾਮਲੇ ਤੇ ਤੁਰੰਤ ਲੋੜੀਦੀ ਕਾਰਵਾਈ ਕਰਨ ਉਪਰੰਤ ਢੁਕਵਾਂ ਜਵਾਬ ਸਿੱਧੇ ਤੌਰ ਤੇ ਨਗਰ ਕੌਸਲ, ਸਰਹਿੰਦ ਫਤਿਹਗੜ ਸਾਹਿਬ ਨੂੰ ਭੇਜਦੇ ਹੋਏ ਰਿਪੋਰਟ ਇਸ ਦਫਤਰ ਨੂੰ ਵੀ ਭੇਜੀ ਜਾਵੇ ਤਾਂ ਜੋ ਉਸੇ ਅਨੁਸਾਰ ਸਰਕਾਰ ਨੂੰ ਜਵਾਬ ਭੇਜਿਆ ਜਾ ਸਕੇ।

ਨੱਥੀ/ਉਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ (ਵ)